# Basant Utsav was organized by department of social sciences .



## ਖ਼ਾਲਸਾ ਕਾਲਜ 'ਚ ਬਸੰਤ ਉਤਸਵ ਮਨਾਇਆ

ਗੜ੍ਹਸ਼ੰਕਰ 16 ਫਰਵਰੀ (ਰਾਕੇਸ਼)- ਇਥੋਂ ਦੇ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਵਿਖੇ ਪ੍ਰਿੰਸੀਪਲ ਡਾ. ਬਲਜੀਤ ਸਿੰਘ ਖਹਿਰਾ ਦੀ ਅਗਵਾਈ ਹੇਠ ਕਾਲਜ ਦੇ ਸੋਸ਼ਲ ਸਾਇੰਸ ਵਿਭਾਗ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ 'ਬਸੰਤ ਉਤਸਵ' ਮਨਾਇਆ ਗਿਆ। ਕਾਲਜ ਗੁਰਦੁਆਰਾ ਸਾਹਿਬ 'ਚ ਕਰਵਾਏ ਸਮਾਗਮ ਦੌਰਾਨ ਮਹਿਮਾਨ ਕਲਾਕਾਰ ਪ੍ਰੋ. ਪ੍ਰਭਦੀਪ ਸਿੰਘ ਸ੍ਰੀ ਗੁਰੂ ਅੰਗਦ ਦੇਵ ਕਾਲਜ ਖਡੂਰ ਸਾਹਿਬ ਨੇ ਸਿਤਾਰ ਵਾਦਨ ਰਾਹੀਂ ਬਸੰਤ ਰਾਗ ਪੇਸ਼ ਕੀਤਾ। ਪ੍ਰੋ. ਕੰਵਰਜੀਤ ਸਿੰਘ ਸਿਫ਼ਤੀ ਨੇ ਬਸੰਤ ਰਾਗ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਰਚੇ ਸ਼ਬਦਾਂ ਦਾ ਗਾਇਨ ਕੀਤਾ। ਪ੍ਰੋ. ਜਸਪਾਲ ਸਿੰਘ ਨੇ ਮਹਿਮਾਨ ਕਲਾਕਾਰਾਂ ਦਾ ਧੰਨਵਾਦ ਕਰਦਿਆਂ ਬਸੰਤ ਰੁੱਤ ਸਬੰਧੀ ਵਿਚਾਰ ਸਾਂਝੇ ਕੀਤੇ। ਸਮਾਗਮ ਦੌਰਾਨ ਵਿਭਾਗ ਮੁਖੀ ਪ੍ਰੋ. ਲਖਵਿੰਦਰ ਜੀਤ ਕੌਰ, ਡਾ. ਹਰਵਿੰਦਰ ਕੌਰ, ਡਾ. ਅਰਵਿੰਦਰ ਕੌਰ, ਪ੍ਰੋ. ਰਾਏਦੀਪ ਸਿੰਘ, ਪ੍ਰੋ. ਪ੍ਰਿਅੰਕਾ, ਪ੍ਰੋ. ਵੀਨਸ ਤੇ ਹੋਰ ਹਾਜ਼ਰ ਹੋਏ।




---

# An Extension Lecture on Emotional Intelligence for a better Mental Health and Academic Success

---

Webinar. Guru Tegh Bahadur ji da jivan ate Shahadat

Basant Utsav

# Educational Tour